# ੭੦ਵੇਂ ਗਣਤੰਤਰ ਦਿਵਸ ਮੌਕੇ ਲੰਡਨ ਦੇ ਭਾਰਤੀ ਦੂਤਘਰ ਅੱਗੇ

# ਸਿੱਖਾਂ ਅਤੇ ਕਸ਼ਮੀਰੀਆਂ ਵੱਲੋਂ ਭਾਰੀ ਰੋਹ ਮੁਜ਼ਾਹਰਾ

ਲੰਡਨ, ੨੬ ਜਨਵਰੀ, ੨੦੨੦: ਭਾਰਤੀ ਪ੍ਰਸ਼ਾਸ਼ਨ ਦੇ ਬ੍ਰਤਾਨਵੀ ਸਰਕਾਰ ਤਾਂਈ ਕੀਤੇ ਸੱਖਤ ਉਤਰਾਜ਼ ਦੇ ਬਾਵਜੂਦ, ਲੰਡਨ ਦੀ ਪੁਲਸ ਦੇ ਸੱਖਤ ਪ੍ਰਬੰਧਦਾਂ ਹੇਠ, ਅਤੇ ਦੁਨੀਆਂ-ਭਰ ਦੀ ਮੀਡੀਆ ਸਾਹਮਣੇ, ਸਿੱਖ ਅਤੇ ਕਸ਼ਮੀਰੀ ਪ੍ਰਦਰਸ਼ਨਕਾਰੀਆਂ ਨੇ ਹਰ ਸਾਲ ਦੀ ਤਰਾਂ, ਇਸ ਸਾਲ ਵੀ ਜ਼ੋਰਦਾਰ ਮਜ਼ਾਹਰੇ ਦੌਰਾਨ ਸ਼ਾਤਮਈ ਤਰੀਕਆ ਨਾਲ ਆਪਣੇ ਜਮਹੂਰੀ ਹੱਕ ਅਜ਼ਮਾਉਣ ਦੀ ਜ਼ਿੱਦ ਕਰਕੇ, ਭਾਰਤੀ ਪ੍ਰਸ਼ਾਸ਼ਨ ਦਾ ਬ੍ਰਤਾਨਵੀ ਸਰਕਾਰ ਅੱਗੇ ਮੁਜ਼ਾਹਰਾ ਰੋਕਣ ਲਈ ਤਰਲੋ-ਮੱਛੀ ਹੋਣਾ ਬੇਕਾਰ ਕੀਤਾ । ਮੁਜ਼ਾਹਰੇ ਵਿਚ ਮੁੱਖ ਤੌਰ ‘ਤੇ ਸ: ਅਮਰੀਕ ਸਿੰਘ ਸਹੋਤਾ (OBE), ਪ੍ਰਧਾਨ, ਸ: ਰਣਜੀਤ ਸਿੰਘ ਸਰਾਏ, ਜਨਰਲ ਸਕੱਤਰ, ਕੌਂਸਲ ਆਫ਼ ਖਾਲਿਸਤਾਨ, ਸ: ਜੋਗਾ ਸਿੰਘ ਸਪੀਕਰ, ਵਿਸ਼ਵ ਸਿੱਖ ਸੰਸਦ, ਸ: ਗੁਰਦੇਵ ਸਿੰਘ ਚੌਹਾਨ, ਚੇਅਰਮੈਨ, ਸ਼੍ਰੋ: ਅਕਾਲੀ ਦਲ ਯੂ.ਕੇ., ਸ: ਗੁਰਪ੍ਰੀਪ ਸਿੰਘ, ਕੇਸਰੀ ਲਹਿਰ, ਸ: ਪਰਮਜੀਤ ਸਿੰਘ ਪੰਮਾ, ਸ: ਦੁਪਿੰਦਰਜੀਤ ਸਿੰਘ, ਸਿੱਖਸ ਫ਼ੌਰ ਜਸਟਿੱਸ, ਸ: ਗੁਰਚਰਰਨ ਸਿੰਘ ਖਾਲਸਾ, ਦਲ ਖਾਲਸ, ਸ: ਲਵਸ਼ਿੰਦਰ ਸਿੰਘ ਡੱਲੇਵਾਲ, ਸ: ਨਿਰਮਲ ਸਿੰਘ ਸੰਧੂ, ਸੁਯੰਕਤ ਖਾਲਸਾ ਦਲ, ਸ: ਸਰਬਜੀਤ ਸਿੰਘ, ਸ: ਕੁਲਵੰਤ ਸਿੰਘ ਮੁਠੱਡਾ, ਅਕਾਲੀ ਦਲ ਅੰਮ੍ਰਿਤਸਰ, ਸ: ਕੁਲਦੀਪ ਸਿੰਘ ਚਹੇੜੂ, ਕੋਆਡੀਨੇਟਰ, ਐਫ਼. ਐਸ. ਓ., ਸ: ਅਮਰੀਕ ਸਿੰਘ ਗਿੱਲ, ਚੇਅਰਮੈਨ, ਦਬਿੰਦਰਜੀਤ ਸਿੰਘ, ਮੁੱਖ ਸਲਾਹਕਾਰ, ਸਿੱਖ ਫ਼ਡੈਰੇਸ਼ਨ, ਯੂ. ਕੇ., ਕ੍ਰਿਪਾਲ ਸਿੰਘ ਮੱਲਾ ਬੇਦੀਆਂ ਅਤੇ ਪ੍ਰਿਤਪਾਲ ਸਿੰਘ ਤਰਨ ਤਾਰਨ, ਸਿੱਖ ਸਟੂਡੇਂਟਸ ਫ਼ੈਡਰੇਸ਼ਨ ਯੂ. ਕੇ., ਨੇ ਵੀ ਭਾਗ ਲਿਆ । ਇਸ ਤੋਂ ਇਲਾਵਾ, ਤਹਿਰੀਕ-ਕਸ਼ਮੀਰ ਮੁੱਖੀ, ਫ਼ਾਹੀਮ ਕਯਾਨੀ, ਕਸ਼ਮੀਰ ਚਿੰਤਕ, ਪ੍ਰ: ਨਜ਼ੀਰ ਸ਼ਾਵਲ ਅਤੇ ਲੌਰਡ (ਬੈਰਨ) ਕੁਰਬਾਨ ਹੁਸ਼ੈਨ (ਲਿਬ. ਡੈਮ.), ਅਨੇਕਾਂ ਹੋਰ ਕਸ਼ਮੀਰੀ ਨੁਮਾਇੰਦਿਆਂ ਅਤੇ ਸੰਸਥਾਵਾਂ ਸਮੇਤ, ਬ੍ਰਤਾਨੀਆ ਦੇ ਕਸ਼ਮੀਰੀ ਵੀ ਹਜ਼ਾਰਾਂ ਦੀ ਤਦਾਦ ਵਿਚ ਮੁਜ਼ਾਹਰੇ ਵਿਚ ਸ਼ਾਮਲ ਹੋਏ ।

ਮੁਜ਼ਾਹਰੇ ਦੇ ਪ੍ਰਬੰਧਕਾਂ ਨੇ ਉਮੀਦ ਤੋਂ ਕਈ ਗੁਣਾ ਵੱਧ ਪਹੁੰਚੇ ਪ੍ਰਦਰਸ਼ਨਕਾਰੀਆਂ ਦਾ ਧੰਨਬਾਦ ਕਰਦਿਆਂ ਕਿਹਾ ਕਿ ੭੦ ਸਾਲ ਪਹਿਲੇ, ਇਸ ਸੰਵਿਧਾਨ ਦੇ ਗਠਨ ਨੇ, ਹਿੰਦੁੱਤਵਾ ਦੇ ਨਾਮ ਤੇ ਹੀ, ਸਿੱਖਾਂ ਦੀ ਵੱਖਰੀ ਹੋਂਦ ਨੂੰ ਵੀ ਕਬੂਲ ਨਹੀਂ ਕੀਤਾ, ਜਿਸ ਕਰਕੇ ਇਸ ਨੂੰ ਵੀ ਸਿੱਖਾਂ ਨੇ ਕਦੇ ਨਹੀਂ ਮੰਜ਼ੂਰੀ ਦਿੱਤੀ, ਸਿੱਖਾਂ, ਕਸ਼ਮੀਰਆਂ ਅਤੇ ਦਲਿਤਾਂ ਉੱਤੇ ਢਾਈਆਂ ਗਈਆਂ ਨਸਲਕੁਸ਼ੀਆਂ ਨੂੰ ਹੀ ਅੰਜਾਮ ਦਿੱਤਾ ਹੈ । ਇਸ ਲਈ ੨੬ ਜਨਵਰੀ ੧੯੮੬ ਦੇ ਸਰਬੱਤ ਖਾਲਸਾ ਵੱਲੋਂ ਸਥਾਪਤ ਕੀਤੀ ਪੰਥਕ ਕਮੇਟੀ ਰਾਹੀਂ ਸਿੱਖ ਕੌਮ ਨੇ ਅਜ਼ਾਦ ਸਿੱਖ ਰਾਜ, ਖਾਲਿਸਤਾਨ, ਨੂੰ ਪਰਾਪਤ ਕਰਨ ਦਾ ਅਟੱਲ ਨਿਸ਼ਾਨਾ ਮਿੱਥ ਲਿਆ ਸੀ । ਇਸ ਇਤਿਹਾਸਕ ਫ਼ੈਂਸਲੇ ਨੂੰ, ੨੦੧੫ ਦੇ ਸਰਬੱਤ ਖਾਲਸਾ ਅਤੇ ਇਸ ਵੱਲੋਂ ਸਥਾਪਤ ਵਿਸ਼ਵ ਸਿੱਖ ਸੰਸਦ ਨੇ ਵੀ ਸਵੀਕਾਰ ਕੀਤਾ ਹੈ, ਜੋ ਮੁੱਢਲੇ ਰਾਸ਼ਟਰਸੰਘੀ ਅਸੂਲਾਂ ਅਤੇ ਅੰਤ੍ਰਰਾਸ਼ਟਰੀ ਕਾਨੂਨ ਦੇ ਅਧੀਨ ਹੈ, ਜਿਨ੍ਹਾਂ ਤੋਂ ਹਿੰਦੁਸਤਾਨ ਘੋਸ਼ਤੀ ਤੋਰ ਤੇ ਬਾਗ਼ੀ ਹੋ ਚੁੱਕਾ ਹੈ । ਆਪਣੇ ਹੀ ਇਸ ਸੰਵਿਧਾਨ ਦੀਆਂ ਧਾਰਾਵਾਂ ੩੭੦ ਅਤੇ ੩੫ਏ ਹਟਾਉਣਾ ਇਨ੍ਹਾਂ ਮਨੁੱਖੀ ਅਪਰਾਧਾਂ ਦਾ ਦਹੁਰਾਉਣ ਹੀ ਹੈ, ਜਿਸ ਦਾ ਅੰਜਾਮ ਸਿਰਫ਼ ਤਾਂ ਸਿਰਫ਼ ਹਿੰਦੁਸਤਾਨ ਦੇ ਟੋਟੇ-ਟੋਟੇ ਹੋਣ ਨਾਲ ਘੱਟ ਗਿਣਤੀ ਕੌਮਾਂ ਦੀ ਅਜ਼ਾਦੀ ਹੀ ਹੋਵੇਗਾ ।